2025-174793
18/12/2025

[redacted]

# ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ


ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀ ਮੰਜਿਲ, ਫੇਜ਼-8, ਮੋਹਾਲੀ,
ਈ-ਮੇਲ: directorscert@punjabeducation.gov.in,ਫੋਨ ਨੰਬਰ:0172-221222


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਪੰਜਾਬ।

ਮੀਮੋ ਨੰ: e-1029272/ SCERT /2025/ 380/668/2025
ਮਿਤੀ: 17/12/2025

**ਵਿਸ਼ਾ: ਬਾਲ ਵਿਆਹ ਮੁਕਤ ਭਾਰਤ ਮੁਹਿੰਮ ਚਲਾਉਣ ਸੰਬੰਧੀ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮਹਿਲਾ ਅਤੇ ਬਾਲ ਵਿਕਾਸ ਮੰਤਰਾਲਾ (MWCD), ਭਾਰਤ ਸਰਕਾਰ ਵੱਲੋਂ ਪ੍ਰਾਪਤ ਪੱਤਰ (ਨਾਲ ਨੱਥੀ) ਅਨੁਸਾਰ **25 ਨਵੰਬਰ 2025 (ਮਹਿਲਾਵਾਂ ਖ਼ਿਲਾਫ਼ ਹਿੰਸਾ ਦੇ ਖ਼ਾਤਮੇ ਲਈ ਅੰਤਰਰਾਸ਼ਟਰੀ ਦਿਵਸ) ਤੋਂ 10 ਦਸੰਬਰ 2025 (ਮਾਨਵ ਅਧਿਕਾਰ ਦਿਵਸ) ਤੱਕ** "ਲਿੰਗ ਆਧਾਰਿਤ ਹਿੰਸਾ ਦੇ ਖ਼ਿਲਾਫ਼ 16 ਦਿਨਾਂ ਦੀ ਮੁਹਿੰਮ" ਮਨਾਈ ਜਾਣੀ ਹੈ। ਇਸਦੇ ਨਾਲ ਹੀ **27 ਨਵੰਬਰ 2025 ਤੋਂ 8 ਮਾਰਚ 2026 ਤੱਕ** ਬਾਲ ਵਿਆਹ ਮੁਕਤ ਭਾਰਤ (BVMB) ਅਭਿਆਨ ਚਲਾਇਆ ਜਾ ਰਿਹਾ ਹੈ।

3.0 ਉਕਤ ਸੰਬੰਧੀ ਆਪ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਆਪਣੇ ਜ਼ਿਲ੍ਹੇ ਦੇ ਅਧੀਨ ਆਉਂਦੇ ਸਕੂਲਾਂ ਵਿੱਚ ਹੇਠ ਲਿਖੀਆਂ ਗਤੀਵਿਧੀਆਂ ਨੂੰ ਕਰਵਾਉਣਾ ਯਕੀਨੀ ਬਣਾਇਆ ਜਾਵੇ :-

3.1 ਜਾਗਰੂਕਤਾ ਪ੍ਰੋਗਰਾਮ ਦੀ ਨਿਰੰਤਰਤਾ: ਸਕੂਲਾਂ ਵਿੱਚ ਸਵੇਰ ਦੀ ਸਭਾ ਵਿੱਚ ਬਾਲ ਵਿਆਹ ਮੁਕਤ ਭਾਰਤ ਸੰਕਲਪ ਦੇ ਸੋਹ ਚੁੱਕਣ ਅਤੇ ਜਾਗਰੂਕਤਾ ਮੁਹਿੰਮ ਲਗਾਤਾਰ ਚਲਾਈ ਜਾਵੇ।

3.2 ਵਿਦਿਆਰਥੀ ਸੰਬੰਧੀ ਗਤੀਵਿਧੀਆਂ: ਬਾਲ ਵਿਵਾਹ ਦੇ ਖ਼ਾਤਮੇ ਦੇ ਵਿਸ਼ੇ 'ਤੇ ਵਾਦ-ਵਿਵਾਦ, ਪੋਸਟਰ ਬਣਾਉਣ, ਲੇਖ-ਰਚਨਾ, ਨੁੱਕੜ ਨਾਟਕ ਅਤੇ ਛੋਟੀ ਫਿਲਮ ਮੁਕਾਬਲੇ ਆਯੋਜਿਤ ਕੀਤੇ ਜਾਣ।

3.3 ਅਧਿਆਪਕਾਂ, ਮੁਖੀਆਂ, ਆਂਗਨਵਾੜੀ, ਆਸ਼ਾ ਅਤੇ ਏ.ਐਨ.ਐਮ. ਵਰਕਰਾਂ ਲਈ ਉਨ੍ਹਾਂ ਬੱਚਿਆਂ ਦੀ ਪਛਾਣ ਅਤੇ ਰਿਪੋਰਟਿੰਗ ਬਾਰੇ ਦਿਸ਼ਾ-ਨਿਰਦੇਸ਼ ਸੈਸ਼ਨ ਕਰਵਾਏ ਜਾਣ ਜੋ ਖ਼ਤਰੇ ਵਿੱਚ ਹਨ।

3.4 ਪੋਸਟਰ, ਬੈਨਰ, ਵਾਲ ਆਰਟ, ਵੀਡੀਓ ਆਦਿ ਆਈ.ਈ.ਸੀ. ਸਮੱਗਰੀ ਨੂੰ ਸਕੂਲਾਂ ਅਤੇ ਸ਼ਿਸ਼ਟਮਿਕ ਸੰਸਥਾਵਾਂ ਵਿੱਚ ਹਿੰਦੀ ਅਤੇ ਸਥਾਨਕ ਭਾਸ਼ਾਵਾਂ ਵਿੱਚ ਪ੍ਰਮੁੱਖ ਤੌਰ 'ਤੇ ਲਗਾਇਆ ਜਾਵੇ।

3.5 ਵਿਦਿਆਰਥੀਆਂ ਨੂੰ ਬਾਲ ਵਿਵਾਹ ਮੁਕਤ ਭਾਰਤ (BVMB) ਪੋਰਟਲ 'ਤੇ ਸੌਂਹ ਲੈਣ ਲਈ ਪ੍ਰੇਰਿਤ ਕਰਨ ਵਾਸਤੇ ਇੱਕ ਡਿਜ਼ਿਟਲ ਕੈਂਪਸ ਅਭਿਆਨ ਸ਼ੁਰੂ ਕੀਤਾ ਜਾਵੇ।

4.0 ਉਕਤ ਹੁਕਮਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**ਕਿਰਨ ਸ਼ਰਮਾ, ਪੀ.ਸੀ.ਐਸ.**
**ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ।**

**ਪਿਠ ਅੰਕਣ ਨੰ::** e-1029272 /SCERT/2025 /ਉਕਤ **ਮਿਤੀ:** 17/12/2025

ਉਕਤ ਦਾ ਉਤਾਰਾ ਸੰਬੰਧਤ ਸਕੂਲ ਮੁਖੀਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਸਹਾਇਕ ਡਾਇਰੈਕਟਰ**
**ਗਾਈਡੈਂਸ ਅਤੇ ਕਾਊਂਸਲਿੰਗ**

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 2195 ਮਿਤੀ 18-12-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ